**StreetSmarts**

# ਕੁਈਨਜ਼ਲੈਂਡ ਵਿੱਚ ਗੱਡੀ ਚਲਾਉਣਾ

ਜੇਕਰ ਤੁਸੀਂ ਵਿਦੇਸ਼ ਤੋਂ ਕੁਈਨਜ਼ਲੈਂਡ ਦਾ ਦੌਰਾ ਕਰ ਰਹੇ ਹੋ ਤਾਂ ਤੁਸੀਂ ਸਾਡੀਆਂ ਸੜਕਾਂ 'ਤੇ ਗੱਡੀ ਚਲਾ ਸਕਦੇ ਹੋ ਜੇਕਰ ਤੁਹਾਡੇ ਕੋਲ ਵੈਧ ਵਿਦੇਸ਼ੀ ਲਾਇਸੈਂਸ ਹੈ। ਤੁਸੀਂ ਸਿਰਫ਼ ਉਹੀ ਵਾਹਨ ਚਲਾ ਸਕਦੇ ਹੋ ਜੋ ਤੁਹਾਡੀ ਵਿਦੇਸ਼ੀ ਲਾਇਸੈਂਸ ਅਥਾਰਟੀ ਤੁਹਾਨੂੰ ਚਲਾਉਣ ਦੀ ਇਜਾਜ਼ਤ ਦਿੰਦੀ ਹੈ।

## ਸੜਕੀ ਨਿਯਮ

ਕੁਈਨਜ਼ਲੈਂਡ ਅਤੇ ਹੋਰ ਰਾਜਾਂ ਵਿੱਚ ਕੁੱਝ ਮਾਮੂਲੀ ਜਿਹੇ ਫ਼ਰਕ ਨਾਲ, ਇੱਕੋ ਜਿਹੇ ਹੀ ਸੜਕ ਦੇ ਨਿਯਮ ਹਨ। ਇਹ ਨਿਯਮ ਤੁਹਾਡੇ ਆਪਣੇ ਜੱਦੀ ਦੇਸ਼ ਨਾਲੋਂ ਵੱਖਰੇ ਹੋ ਸਕਦੇ ਹਨ। ਸੜਕੀ ਨਿਯਮਾਂ ਨੂੰ ਤੋੜਨ ਲਈ ਸਖ਼ਤ ਜੁਰਮਾਨੇ ਹੁੰਦੇ ਹੈ ਜੋ ਕਿ ਕੁਈਨਜ਼ਲੈਂਡ ਪੁਲਿਸ ਸੇਵਾ ਅਤੇ ਕਈ ਕਿਸਮ ਦੇ ਕੈਮਰਿਆਂ ਨਾਲ ਪਤਾ ਲਗਾਉਣ ਵਾਲੇ ਯੰਤਰਾਂ ਦੁਆਰਾ ਸਖ਼ਤੀ ਨਾਲ ਲਾਗੂ ਕੀਤੇ ਜਾਂਦੇ ਹਨ।

### ਖੱਬੇ ਪਾਸੇ ਰਹੋ

- ਸੜਕ ਦੇ ਖੱਬੇ ਪਾਸੇ ਗੱਡੀ ਚਲਾਓ।

### ਓਵਰਟੇਕਿੰਗ (ਗੱਡੀ ਅੱਗੇ ਕੱਢਣਾ)

- ਤੁਸੀਂ ਕਿਸੇ ਹੋਰ ਗੱਡੀ ਨੂੰ ਸਿਰਫ਼ ਤਾਂ ਹੀ ਓਵਰਟੇਕ ਕਰ ਸਕਦੇ ਹੋ ਜੇਕਰ ਤੁਹਾਨੂੰ ਸਾਹਮਣੇ ਤੋਂ ਆਉਣ ਵਾਲੀਆਂ ਗੱਡੀਆਂ ਸਾਫ਼ ਦਿਸਦੀਆਂ ਹਨ, ਅਤੇ ਤੁਸੀਂ ਗੱਡੀ ਨੂੰ ਸੁਰੱਖਿਅਤ ਢੰਗ ਨਾਲ ਅੱਗੇ ਕੱਢ ਸਕਦੇ ਹੋ। ਤੁਸੀਂ ਕਿਸੇ ਹੋਰ ਵਾਹਨ ਨੂੰ ਉੱਥੇ ਓਵਰਟੇਕ ਕਰ ਸਕਦੇ ਹੋ ਜਿੱਥੇ ਸੜਕ 'ਤੇ ਵਿਚਕਾਰ ਲੱਗੀ ਹੋਈ ਲਾਈਨ ਇੱਕ ਟੁੱਟਵੀਂ ਲਾਈਨ ਹੈ ਅਤੇ ਜਿੱਥੇ ਗੱਡੀ ਨੂੰ ਅੱਗੇ ਕੱਢਣਾ ਸੁਰੱਖਿਅਤ ਹੈ। ਜੇਕਰ ਵਿਚਕਾਰਲੀ ਲਾਈਨ ਦੋ ਅਟੁੱਟ ਲਾਈਨਾਂ ਹਨ, ਤਾਂ ਤੁਸੀਂ ਬਿਲਕੁਲ ਵੀ ਓਵਰਟੇਕ ਨਹੀਂ ਕਰ ਸਕਦੇ ਹੋ।

### ਲਾਲ ਬੱਤੀ ਤੇ ਰੁਕਣਾ

- ਤੁਹਾਡਾ ਲਾਲ ਬੱਤੀ 'ਤੇ ਰੁਕਣਾ ਲਾਜ਼ਮੀ ਹੈ (ਅਤੇ ਉਦੋਂ ਤੱਕ ਨਹੀਂ ਚੱਲਣਾ ਚਾਹੀਦਾ ਜਦੋਂ ਤੱਕ ਹਰੀ ਬੱਤੀ ਨਹੀਂ ਹੋ ਜਾਂਦੀ), ਇੱਥੇ ਲਾਲ ਬੱਤੀ 'ਤੇ ਕਿਸੇ ਵੀ ਤਰ੍ਹਾਂ ਦੇ ਮੁੜਨ ਦੀ ਆਗਿਆ ਨਹੀਂ ਹੈ। ਤੁਹਾਨੂੰ ਸੰਤਰੀ ਬੱਤੀ 'ਤੇ ਵੀ ਲਾਜ਼ਮੀ ਰੁਕਣਾ ਚਾਹੀਦਾ ਹੈ ਜਦੋਂ ਤੱਕ ਕਿ ਰੁਕਣਾ ਅਸੁਰੱਖਿਅਤ ਨਾ ਹੋਵੇ।

### ਤੇਜ਼ ਰਫ਼ਤਾਰ

- ਗਤੀ ਸੀਮਾ ਕਿਲੋਮੀਟਰ ਪ੍ਰਤੀ ਘੰਟੇ ਵਿੱਚ ਹੈ ਨਾ ਕਿ ਮੀਲ ਪ੍ਰਤੀ ਘੰਟੇ ਦੇ ਹਿਸਾਬ ਨਾਲ ਅਤੇ ਉਹ ਚਲਾਈ ਜਾ ਸਕਣ ਵਾਲੀ ਰਫ਼ਤਾਰ ਦੀਆਂ ਅਧਿਕਤਮ ਸੀਮਾਵਾਂ ਹਨ। ਦੋ ਆਪਣੇ-ਆਪ ਲਾਗੂ ਹੋਣ ਵਾਲੀਆਂ ਸੀਮਾਵਾਂ ਲਾਗੂ ਹੁੰਦੀਆਂ ਹਨ - ਸਥਾਨਕ, ਘਰੇਲੂ ਰਿਹਾਇਸ਼ੀ ਖੇਤਰਾਂ ਲਈ 50 ਕਿਲੋਮੀਟਰ ਪ੍ਰਤੀ ਘੰਟਾ ਅਤੇ ਪੇਂਡੂ ਸੜਕਾਂ ਅਤੇ ਹਾਈਵੇਅ 'ਤੇ 100 ਕਿਲੋਮੀਟਰ ਪ੍ਰਤੀ ਘੰਟਾ ਜਦੋਂ ਤੱਕ ਕਿ ਸਪੀਡ ਦੇ ਕੋਈ ਹੋਰ ਚਿੰਨ੍ਹ ਨਾ ਲੱਗੇ ਹੋਏ ਹੋਣ।

### ਮੋਬਾਈਲ ਫ਼ੋਨ ਦੀ ਵਰਤੋਂ

- ਗੱਡੀ ਚਲਾਉਣ ਵੇਲੇ ਹੱਥ ਵਿੱਚ ਮੋਬਾਈਲ ਫ਼ੋਨ ਫੜ੍ਹਨਾ ਅਤੇ ਵਰਤੋਂ ਕਰਨਾ ਗ਼ੈਰ-ਕਾਨੂੰਨੀ ਹੈ, ਜਿਸ ਵਿੱਚ ਕਾਲ ਕਰਨਾ ਜਾਂ ਸੁਣਨਾ, ਟੈਕਸਟ ਭੇਜਣਾ, ਗੇਮਾਂ ਖੇਡਣਾ ਜਾਂ ਵੈੱਬ ਬ੍ਰਾਊਜ਼ ਕਰਨਾ ਸ਼ਾਮਲ ਹੈ। ਫ਼ੋਨ ਡਰਾਈਵਰ ਦੇ ਸਰੀਰ ਦੇ ਕਿਸੇ ਵੀ ਹਿੱਸੇ 'ਤੇ ਰੱਖਿਆ ਨਹੀਂ ਹੋਣਾ ਚਾਹੀਦਾ ਹੈ।

### ਸ਼ਰਾਬ ਪੀ ਕੇ ਅਤੇ ਨਸ਼ਾ ਕਰਕੇ ਗੱਡੀ ਚਲਾਉਣਾ

- ਸ਼ਰਾਬ ਪੀ ਜਾਂ ਨਸ਼ਾ ਕਰ ਰਹੇ ਹੋ? ਕਦੇ ਵੀ ਗੱਡੀ ਨਾ ਚਲਾਓ। ਕੁਈਨਜ਼ਲੈਂਡ ਵਿੱਚ ਸ਼ਰਾਬ ਜਾਂ ਨਸ਼ੀਲੇ ਪਦਾਰਥਾਂ ਦੇ ਪ੍ਰਭਾਵ ਹੇਠ ਗੱਡੀ ਚਲਾਉਣਾ ਕਾਨੂੰਨ ਦੇ ਖਿਲਾਫ਼ ਹੈ। ਓਪਨ ਲਾਇਸੈਂਸ ਦੇ ਬਰਾਬਰ ਦੇ ਲਾਇਸੈਂਸ ਧਾਰਕਾਂ ਲਈ ਖ਼ੂਨ/ਸਾਹ

ਵਿੱਚ ਸ਼ਰਾਬ ਦੇ ਗਾੜ੍ਹੇਪਣ ਦਾ ਪੱਧਰ 0.05 ਪ੍ਰਤੀਸ਼ਤ ਹੈ ਅਤੇ ਆਸਟ੍ਰੇਲੀਆ ਭਰ ਵਿੱਚ ਬਰਾਬਰ ਦੇ ਸਿਖਿਆਰਥੀ/ਆਰਜ਼ੀ/ਪ੍ਰੋਬੇਸ਼ਨਰੀ ਲਾਇਸੈਂਸ ਧਾਰਕਾਂ ਦੇ ਬਰਾਬਰ ਦੇ ਲਾਇਸੈਂਸ ਧਾਰਕਾਂ ਲਈ ਜ਼ੀਰੋ ਹੈ।

## ਸੀਟ ਬੈਲਟਾਂ ਅਤੇ ਬੱਚਿਆਂ ਲਈ ਕਾਰ ਸੀਟਾਂ

- ਵਾਹਨ ਵਿੱਚ ਸਵਾਰ ਡਰਾਈਵਰ ਅਤੇ ਸਵਾਰੀਆਂ ਲਈ ਸੀਟ ਬੈਲਟ ਲੱਗੀ ਹੋਈ ਹੋਣਾ ਲਾਜ਼ਮੀ ਹੈ ਜਾਂ ਬੱਚਿਆਂ ਲਈ ਕਾਰ ਸੀਟਾਂ ਜੋ ਬੱਚੇ ਦੇ ਆਕਾਰ ਅਤੇ ਭਾਰ ਅਨੁਸਾਰ ਢੁੱਕਵੀਂ ਹੋਵੇ ਜੇਕਰ ਉਹ 7 ਸਾਲ ਤੋਂ ਘੱਟ ਉਮਰ ਦੇ ਹਨ।
- ਸੀਟ ਬੈਲਟ ਨੂੰ ਮੋਢਿਆਂ ਅਤੇ ਛਾਤੀ ਦੇ ਉੱਪਰ ਤੋਂ ਦੀ ਹੁੰਦੇ ਹੋਏ ਪਹਿਨਿਆ ਜਾਣਾ ਚਾਹੀਦਾ ਹੈ ਅਤੇ ਲੱਕ ਉੱਤੇ ਨੀਵੀਂ ਲੱਗੀ ਹੋਣੀ ਚਾਹੀਦੀ ਹੈ।

## ਹੈਲਮੇਟ

- ਮੋਟਰਸਾਈਕਲ, ਮੋਪੇਡ/ਸਕੂਟਰ, ਕਵਾਡ ਬਾਈਕ, ਸਾਈਕਲ, ਇਲੈਕਟ੍ਰਾਨਿਕ ਬਾਈਕ, ਈ-ਸਕੂਟਰ ਜਾਂ ਅਜਿਹੇ ਕਿਸੇ ਹੋਰ ਯੰਤਰ ਦੀ ਸਵਾਰੀ ਕਰਦੇ ਸਮੇਂ ਤੁਹਾਨੂੰ ਹਰ ਸਮੇਂ ਹੈਲਮੇਟ ਪਹਿਨਣਾ ਲਾਜ਼ਮੀ ਹੈ। ਇਸ ਵਿੱਚ ਮੋਟਰਸਾਈਕਲ ਸਵਾਰ ਸਵਾਰੀਆਂ ਵੀ ਸ਼ਾਮਲ ਹਨ।

## ਥਕਾਵਟ ਵਿੱਚ ਗੱਡੀ ਚਲਾਉਣਾ

- ਯਕੀਨੀ ਬਣਾਓ ਕਿ ਤੁਸੀਂ ਗੱਡੀ ਚਲਾਉਣ ਤੋਂ ਪਹਿਲਾਂ ਚੰਗੀ ਤਰ੍ਹਾਂ ਆਰਾਮ ਕਰ ਰਹੇ ਹੋ, ਅਤੇ ਜੇਕਰ ਤੁਸੀਂ ਥੱਕੇ ਹੋਏ ਹੋ ਤਾਂ ਗੱਡੀ ਨਾ ਚਲਾਓ। ਲੰਬੀਆਂ ਜਾਂ ਛੋਟੀਆਂ ਯਾਤਰਾਵਾਂ ਕਰਨ ਦੌਰਾਨ ਤੁਹਾਨੂੰ ਥਕਾਵਟ ਉੱਤਰ ਸਕਦੀ ਹੈ ਅਤੇ ਇਹ ਸਿਰਫ਼ ਸਟੇਅਰਿੰਗ 'ਤੇ ਸੌਣ ਨਾਲ ਸੰਬੰਧਿਤ ਨਹੀਂ ਹੈ, ਇੱਥੋਂ ਤੱਕ ਕਿ ਧਿਆਨ ਵਿੱਚ ਥੋੜ੍ਹੀ ਜਿਹੀ ਕਮੀ ਦੇ ਵੀ ਗੰਭੀਰ ਸਿੱਟੇ ਨਿਕਲ ਸਕਦੇ ਹਨ।
- ਹਰ 2 ਘੰਟਿਆਂ ਬਾਅਦ ਇੱਕ ਬ੍ਰੇਕ ਲਓ ਅਤੇ ਜੇਕਰ ਸੰਭਵ ਹੋਵੇ ਤਾਂ ਗੱਡੀ ਨੂੰ ਸਾਂਝੇ ਰੂਪ ਵਿੱਚ ਵੰਡ ਕੇ ਚਲਾਓ।

## ਹੜ੍ਹ ਅਤੇ ਅੱਗਾਂ

- ਹੜ੍ਹ ਦੇ ਪਾਣੀ ਵਿੱਚੋਂ ਦੀ ਗੱਡੀ ਨਾ ਚਲਾਓ।
- ਬੁਸ਼ਫਾਇਰ (ਜੰਗਲ ਦੀਆਂ ਅੱਗਾਂ) ਕੁਈਨਜ਼ਲੈਂਡ ਦੀਆਂ ਗਰਮੀਆਂ ਦਾ ਇੱਕ ਦੁਖਦਾਈ ਹਿੱਸਾ ਹਨ। ਜੇਕਰ ਸਾਹਮਣੇ ਘੱਟ ਦਿਖਾਈ ਦੇ ਰਿਹਾ ਹੈ ਤਾਂ ਆਪਣੀਆਂ ਹੈੱਡਲਾਈਟਾਂ (ਜਾਂ ਖ਼ਤਰੇ ਦੀਆਂ ਸੂਚਕ ਲਾਈਟਾਂ) ਨੂੰ ਚਾਲੂ ਕਰੋ।

## ਗੱਡੀ ਖ਼ਰਾਬ ਹੋਣਾ ਅਤੇ ਐਮਰਜੈਂਸੀ ਸੇਵਾਵਾਂ

- ਆਸਟ੍ਰੇਲੀਆ ਭਰ ਵਿੱਚ ਐਮਰਜੈਂਸੀ ਸੇਵਾਵਾਂ (ਪੁਲਿਸ, ਐਂਬੂਲੈਂਸ, ਅਤੇ ਫਾਇਰ) ਲਈ 000 ਡਾਇਲ ਕਰੋ। 000 ਨੂੰ ਸਿਰਫ਼ ਤਾਂ ਹੀ ਡਾਇਲ ਕਰੋ ਜੇਕਰ ਇਹ ਐਮਰਜੈਂਸੀ ਹੋਵੇ।
- ਜੇਕਰ ਤੁਹਾਡੀ ਗੱਡੀ ਖ਼ਰਾਬ ਹੋ ਜਾਂਦੀ ਹੈ, ਤਾਂ ਆਪਣੇ ਵਾਹਨ ਨੂੰ ਐਮਰਜੈਂਸੀ ਵਿੱਚ ਗੱਡੀ ਖੜ੍ਹੀ ਕਰਨ ਵਾਲੀ ਕਤਾਰ, ਬਰੇਕਡਾਊਨ ਬੇਅ, ਜਾਂ ਸੜਕ ਦੇ ਕਿਨਾਰੇ 'ਤੇ ਰੋਕੋ। ਆਪਣੀਆਂ ਖ਼ਤਰੇ ਦੀਆਂ ਸੂਚਕ ਲਾਈਟਾਂ ਨੂੰ ਚਾਲੂ ਕਰੋ ਅਤੇ ਜੇਕਰ ਅਜਿਹਾ ਕਰਨਾ ਸੁਰੱਖਿਅਤ ਹੈ, ਤਾਂ ਵਾਹਨ ਤੋਂ ਬਾਹਰ ਨਿਕਲੋ ਅਤੇ ਮੱਦਦ ਆਉਣ ਤੱਕ ਸੁਰੱਖਿਆ ਬੈਰੀਅਰ ਦੇ ਪਿੱਛੇ ਉਡੀਕ ਕਰੋ। ਜੇਕਰ ਉੱਥੇ ਕੋਈ ਬੈਰੀਅਰ ਨਹੀਂ ਹੈ ਅਤੇ ਅਜਿਹਾ ਕਰਨਾ ਸੁਰੱਖਿਅਤ ਹੈ, ਤਾਂ ਮੱਦਦ ਪਹੁੰਚਣ ਤੱਕ ਆਪਣੇ ਵਾਹਨ ਵਿੱਚ ਹੀ ਰਹੋ। ਆਸਟ੍ਰੇਲੀਆ ਭਰ ਵਿੱਚ ਸੜਕ ਕਿਨਾਰੇ ਸਹਾਇਤਾ (24 ਘੰਟੇ, ਹਫ਼ਤੇ ਦੇ 7 ਦਿਨ) ਲਈ 13 11 11 ਡਾਇਲ ਕਰੋ। ਜੇਕਰ ਤੁਹਾਡੇ ਕੋਲ ਕਿਰਾਏ ਦਾ ਵਾਹਨ ਹੈ, ਤਾਂ ਸੜਕ ਕਿਨਾਰੇ ਸਹਾਇਤਾ ਲਈ ਕੰਪਨੀ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ।
- ਜਗਦੀਆਂ-ਬੁਝਦੀਆਂ ਲਾਈਟਾਂ ਵਾਲੇ ਐਮਰਜੈਂਸੀ ਰਿਸਪਾਂਸ ਗੱਡੀ ਦੇ ਕੋਲੋਂ ਲੰਘਣ ਵੇਲੇ ਤੁਹਾਨੂੰ ਪਾਸੇ ਹੋਣਾ ਅਤੇ ਹੌਲੀ ਹੋ ਜਾਣਾ ਚਾਹੀਦਾ ਹੈ ਤਾਂ ਜੋ ਉਹਨਾਂ ਅਤੇ ਜਿਹੜੇ ਲੋਕਾਂ ਦੀ ਉਹ ਮੱਦਦ ਕਰ ਰਹੇ ਹਨ, ਉਹਨਾਂ ਨੂੰ ਸੁਰੱਖਿਅਤ ਰੱਖਣ ਲਈ ਜਗ੍ਹਾ ਦੇਣ ਵਿੱਚ ਮੱਦਦ ਕੀਤੀ ਜਾ ਸਕੇ।